੦੮੯

ਜੀਵਨ ਮਨੋਰਥ

(ਲੇਖਕ: ਡਾ: ਕਰਤਾਰ ਸਿੰਘ)

ਮਨੁੱਖਾ ਦੇਹੀ ਨੂੰ ਧਾਰਨ ਕਰਨ ਦਾ ਪ੍ਰਯੋਜਨ ਵੱਖ-ਵੱਖ ਮੱਤਾਂ ਵਿੱਚ ਵੱਖ-ਵੱਖ ਹੈ। ਐਵੋਲੂਸ਼ਨ ਭਾਵ ਵਿਕਾਸ ਵਾਲੇ ਆਖਦੇ ਹਨ ਕਿ ਮਨੁੱਖ ਜਾਤੀ ਲਈ ਨਵੀਆਂ-ਨਵੀਆਂ ਸੁੱਖ ਦੇਣ ਵਾਲੀਆਂ ਕਾਢਾਂ ਕੱਢਣੀਆਂ ਹੀ ਇਸ ਜ਼ਿੰਦਗੀ ਦਾ ਮਨੋਰਥ ਹੈ। ਨਾਸਤਕ ਇਹ ਆਖਦੇ ਹਨ ਕਿ ਖਾਉ, ਪੀਉ ਤੇ ਮੌਜਾਂ ਮਾਣੋ। ਸਾਮਵਾਦੀ ਇਹ ਆਖਦੇ ਹਨ ਕਿ ਕੁੱਲੀ, ਗੁੱਲੀ ਤੇ ਜੁਲੀ, ਭਾਵ ਰਹਿਣ ਲਈ ਮਕਾਨ, ਖਾਣ ਨੂੰ ਰੋਟੀ ਤੇ ਪਹਿਨਣ ਲਈ ਕੱਪੜੇ ਚਾਹੀਦੇ ਹਨ। ਅਮੀਰ ਤੇ ਗਰੀਬ ਦੇ ਰਹਿਣ ਸਹਿਣ ਦਾ ਪੱਧਰ ਇੱਕ ਹੋਣਾ ਚਾਹੀਦਾ ਹੈ। ਅਮੀਰ ਆਦਮੀ ਗਰੀਬਾਂ ਦਾ ਖੂਨ ਨਾ ਚੂਸਣ। ਲਹੂ ਪਸੀਨੇ ਦੀ ਕਮਾਈ ਕਰਨ ਵਾਲਾ ਬੰਦਾ ਇਨ੍ਹਾਂ ਅਮੀਰਾਂ ਦਾ ਸ਼ਿਕਾਰ ਨਾ ਬਣੇ। ਵਿਦਵਾਨ ਖੋਜੀਆਂ ਦਾ ਜੀਵਨ ਮਨੋਰਥ ਵਿੱਦਿਆ ਪੜ੍ਹਨ ਪੜ੍ਹਾਉਣ ਦਾ ਹੈ। ਛੇ ਸ਼ਾਸਤ੍ਰਾਂ ਦਾ ਜੀਵਨ ਮਨੋਰਥ ਵੀ ਅੱਡਰਾ-ਅੱਡਰਾ ਹੈ। ਮਹਾਤਮਾ ਬੁੱਧ ਦਾ ਜੀਵਨ ਮਨੋਰਥ ਨਿਰਬਾਣ ਪਦ ਹੈ। ਵਿਗਿਆਨ ਵਾਲਿਆਂ ਦਾ ਆਪਣਾ ਹੀ ਮੱਤ ਹੈ।

ਪਰ ਸਿੱਖਾਂ ਨੂੰ ਇਨ੍ਹਾਂ ਮੱਤਾਂ ਨਾਲ ਕੋਈ ਵਾਸਤਾ ਨਹੀਂ ਰੱਖਣਾ ਚਾਹੀਦਾ। ਸਿੱਖ ਦਾ ਧਰਮ ਹੈ ਕਿ ਗੁਰੂ ਸਾਹਿਬ ਨੇ ਜੋ ਜੀਵਨ ਮਨੋਰਥ ਫੁਰਮਾਇਆ ਹੈ, ਉਸਨੂੰ ਗ੍ਰਹਿਣ ਕਰੇ। ਆਉ ਹੁਣ ਵਿਚਾਰੀਏ ਕਿ ਗੁਰਮਤਿ ਦਾ ਇਸ ਪ੍ਰਥਾਇ ਕੀ ਸਿਧਾਂਤ ਹੈ:

- ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥ (੬੬੧)

- ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥ (੪੨੧)

- ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (੪੪੧)

- ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
  ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥
  ਸਰੰਜਾਮਿ ਲਾਗੁ ਭਵਜਲ ਤਰਨ ਕੈ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ (੧੨)

- ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ (੪੩)

- ਆਇਓ ਸੁਨਨ ਪੜਨ ਕਉ ਬਾਣੀ॥ ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥(੧੨੧੯)

- ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ (੧੫੬)

- ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ॥
  ਰੇ ਮਨ ਮੂੜ ਸਿਮਰਿ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ॥ (੧੩੯੮)

- ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥
  ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥(੬੩੧)

- ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ॥ ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ॥(੫੦)

- ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥

ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥
ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥
ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥ਰਹਾਉ॥ (੧੭੬)

- ਦੁਲਭ ਦੇਹ ਪਾਈ ਵਡਭਾਗੀ॥ ਨਾਮੁ ਨ ਜਪਹਿ ਤੇ ਆਤਮ ਘਾਤੀ॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ॥ ਨਾਮ ਬਿਹੂਨ ਜੀਵਨ ਕਉਨ ਕਾਮ॥ਰਹਾਉ॥
ਖਾਤ ਪੀਤ ਖੇਲਤ ਹਸਤ ਬਿਸਥਾਰ॥ ਕਵਨ ਅਰਥ ਮਿਰਤਕ ਸੀਗਾਰ॥
ਜੋ ਨ ਸੁਨਹਿ ਜਸੁ ਪਰਮਾਨੰਦਾ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥ (੧੮੮)

- ਭਜਹੁ ਗੋਬਿੰਦ ਭੂਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥ਰਹਾਉ॥
ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥
ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥
ਜੋ ਕਿਛੁ ਕਰਹਿ ਸੋਈ ਅਬ ਸਾਰੁ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ॥
ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ ਘਟ ਭੀਤਰਿ ਤੂ ਦੇਖੁ ਬਿਚਾਰਿ॥
ਕਹਤ ਕਬੀਰੁ ਜੀਤਿ ਕੈ ਹਾਰਿ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ॥ (੧੧੫੯)

- ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ॥ ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ॥
ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ॥ ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ॥ (੮੫)

- ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥ ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ॥
ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ॥ ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ॥
ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ॥ (੬੪੫)

- ਕਿਆ ਖਾਧੈ ਕਿਆ ਪੈਧੈ ਹੋਇ॥ ਜਾ ਮਨਿ ਨਾਹੀ ਸਚਾ ਸੋਇ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥ (੧੪੨)

- ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ॥ ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ॥
ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ॥ ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥
ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥ ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥ (੭੯੦)

ਕਈ ਸੱਜਣਾਂ ਅਨੁਸਾਰ ਨਾਮ ਦਾ ਇਹੀ ਅਰਥ ਹੈ ਕਿ ਸੱਚ ਬੋਲੋ, ਚੋਰੀ ਨਾ ਕਰੋ, ਧੋਖਾ ਨਾ ਦਿਓ, ਸਦਾਚਾਰੀ ਰਹੋ, ਹੱਕ ਪਰਾਇਆ ਨਾ ਖੋਹਵੋ, ਮਿੱਠ ਬੋਲੜੇ ਬਣੋ ਆਦਿਕ। ਪਰ ਇਹ ਸੱਜਣ ਬੜੇ ਭੁਲੇਖੇ ਵਿੱਚ ਹਨ ਕਿਉਂਕਿ ਇਹ ਆਚਾਰ ਨਾਮ ਦੀ ਨੀਂਹ ਤੋਂ ਬਿਨ੍ਹਾਂ ਪੱਕੇ ਨਹੀਂ ਰਹਿੰਦੇ। ਦ੍ਰਿਸ਼ਟਾਂਤ ਵਜੋਂ, ਇੱਕ ਬੰਦਾ ਕਹਿੰਦਾ ਹੈ ਕਿ ਮੈਂ ਵੱਢੀ ਨਹੀਂ ਲੈਣੀ ਕਿਉਂਕਿ ਇਹ ਪਾਪ ਕਰਮ ਹੈ। ਪਰ ਐਸਾ ਬੰਦਾ ਆਪਣੇ ਟੀਚੇ ਤੋਂ ਡਿੱਗ ਪੈਂਦਾ ਹੈ ਜਦੋਂ ਉਸਨੂੰ ਐਨੀ ਵੱਡੀ ਰਕਮ ਰਿਸ਼ਵਤ ਵਜੋਂ ਪੇਸ਼ ਕੀਤੀ ਜਾਵੇ ਕਿ ਉਹ ਡੋਲਾਇਮਾਨ ਹੋ ਜਾਵੇ ਤਾਂ ਝੱਟ ਹੀ ਜਿੱਤਿਆ ਜਾਂਦਾ ਹੈ। ਵੱਡੀਆਂ ਤੇ ਉੱਚੀਆਂ ਪਦਵੀਆਂ ਤੇ ਕੰਮ ਕਰਨ ਵਾਲੇ ਸੱਜਣ ਆਪਣੇ ਬਣਾਏ ਆਚਾਰ ਤੋਂ ਡਿੱਗਦੇ ਵੇਖੇ ਜਾਂਦੇ ਹਨ। ਜੇ ਨੀਂਹ ਨਾਮ

ਦੀ ਹੋਵੇ ਤਾਂ ਉਹ ਨਾਮੀ ਨਾਲ ਅਭੇਦ ਪੁਰਸ਼ ਕਿਸੇ ਤਰ੍ਹਾਂ ਵੀ ਆਪਣੇ ਆਚਾਰ ਤੋਂ ਨਹੀਂ ਡਿੱਗਦਾ। ਗੁਰਮਤਿ ਦਾ ਫੁਰਮਾਨ ਹੈ ਕਿ ਨਾਮ ਤੋਂ ਬਿਨ੍ਹਾਂ ਆਚਾਰ ਕਿਸੇ ਨੇ ਨਹੀਂ ਪਾਇਆ।

– ਨਾਮ ਬਿਨਾ ਕੈਸੇ ਆਚਾਰ॥ (੧੩੩੦)

– ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ॥ (੧੨੮੫)

ਗੁਰਮਤਿ ਸਪੱਸ਼ਟ ਨਿਰਣਾ ਦੇ ਰਹੀ ਹੈ ਕਿ ਨਾਮ ਤੋਂ ਬਿਨਾਂ ਕਿਸੇ ਨੇ ਆਚਾਰ ਨਹੀਂ ਪਾਇਆ। ਇਮਤਿਹਾਨ ਵੇਲੇ ਜਦ ਪਰਚਾ ਪੈਂਦਾ ਹੈ ਤਦ ਫੇਲ੍ਹ ਹੋ ਜਾਂਦੇ ਹਨ। ਐਵੇਂ ਆਚਾਰ ਆਚਾਰ ਕੂਕਦੇ ਫਿਰਦੇ ਹਨ। ਇਹ ਆਖਣਾ ਕਿ ਨਾਮ ਦੀ ਕਮਾਈ ਕਰਨ ਦੀ ਲੋੜ ਨਹੀਂ, ਕੇਵਲ ਆਚਾਰ ਹੀ ਬਣਾਉਣਾ ਚਾਹੀਦਾ ਹੈ, ਇਹ ਗੁਰਮਤਿ ਦਾ ਆਧਾਰ ਨਹੀਂ। ਗੁਰਮਤਿ ਤਾਂ ਇਹ ਦੱਸਦੀ ਹੈ ਕਿ ਨਾਮ ਤੋਂ ਬਿਨਾਂ ਜੋ ਬੰਦਾ ਖਾਂਦਾ ਪੀਂਦਾ ਹੈ, ਉਹ ਕੁੱਤੇ ਦੀ ਨਿਆਂਈ ਹੈ, ਉਹ ਮੁਰਦੇ ਵਾਂਗ ਹੀ ਹੈ। ਉਸਨੂੰ ਸੁਪਨੇ ਵਿੱਚ ਵੀ ਸੁੱਖ ਨਹੀਂ ਮਿਲ ਸਕਦਾ ਸਗੋਂ ਸਰੀਰਕ ਰੋਗ ਲੱਗ ਜਾਂਦੇ ਹਨ। ਨਾਮ ਨੂੰ ਤਿਆਗਕੇ ਜੋ ਹੋਰ ਕਰਮ ਕਰਦੇ ਹਨ ਉਹ ਸਭ ਝੂਠੇ ਦਿਖਾਵੇ ਹਨ। ਜਿਹੜਾ ਬੰਦਾ ਨਾਮ ਨਾਲ ਪ੍ਰੀਤੀ ਨਹੀਂ ਪਾਉਂਦਾ ਉਹ ਨਰਕਾਂ ਵਿੱਚ ਜਾਂਦਾ ਹੈ। ਜਿਸ ਬੰਦੇ ਨੇ ਹਰੀ ਦਾ ਨਾਮ ਮਨ ਵਿਚ ਨਹੀਂ ਅਰਾਧਿਆ ਉਹ ਚੋਰ ਦੀ ਨਿਆਈਂ ਜਮਪੁਰੀ ਵਿੱਚ ਬੱਧਾ ਜਾਵੇਗਾ। ਨਾਮ ਤੋਂ ਬਿਨਾਂ ਸਭ ਵਿਖਾਵਾ ਹੈ।

– ਨਾਮ ਬਿਨਾ ਜੋ ਪਹਿਰੈ ਖਾਇ॥ ਜਿਉ ਕੂਕਰੁ ਜੂਠਨ ਮਹਿ ਪਾਇ॥
ਨਾਮ ਬਿਨਾ ਜੇਤਾ ਬਿਉਹਾਰੁ॥ ਜਿਉ ਮਿਰਤਕ ਮਿਥਿਆ ਸੀਗਾਰੁ॥
ਨਾਮੁ ਬਿਸਾਰਿ ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ॥
ਨਾਮੁ ਤਿਆਗਿ ਕਰੇ ਅਨ ਕਾਜ॥ ਬਿਨਸਿ ਜਾਇ ਝੂਠੇ ਸਭਿ ਪਾਜ॥
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ ਨਰਕਿ ਜਾਵੈ॥
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥ ਚੋਰ ਕੀ ਨਿਆਈ ਜਮ ਪੁਰਿ ਬਾਧਾ॥
ਲਾਖ ਅਡੰਬਰ ਬਹੁਤੁ ਬਿਸਥਾਰਾ॥ ਨਾਮ ਬਿਨਾ ਝੂਠੇ ਪਾਸਾਰਾ॥ (੨੪੦)

ਇੱਥੇ ਹੀ ਬਸ ਨਹੀਂ ਗੁਰਮਤਿ ਫੁਰਮਾਉਂਦੀ ਹੈ ਕਿ ਹਰੀ ਸਿਮਰਨ ਤੋਂ ਬਿਨਾਂ ਹੋਰ ਕਰਮਕਾਂਡ ਧ੍ਰਿਕਾਰਨ ਯੋਗ ਹਨ। ਜਿਵੇਂ ਕਾਂ ਆਪਣੀ ਚੁੰਜ ਗੰਦਗੀ ਵਿੱਚ ਪਾਉਂਦਾ ਫਿਰਦਾ ਹੈ ਇਵੇਂ ਹੀ ਉਹ ਬੰਦੇ ਹਨ। ਬਿਨ੍ਹਾਂ ਸਿਮਰਨ ਦੇ ਕੁੱਤਿਆਂ ਵਰਗੇ ਕਰਮ ਕਰਨ ਵਾਲੇ ਹਨ। ਉਨ੍ਹਾਂ ਮਾਇਆਧਾਰੀਆਂ ਨੂੰ ਗੁਰਮਤਿ ਵੇਸਵਾ ਦੇ ਪੁੱਤਰ ਆਖਦੀ ਹੈ ਜਿਸ ਦੇ ਪਿਤਾ ਦਾ ਨਾਮ ਨਹੀਂ ਹੁੰਦਾ। ਬਿਨ੍ਹਾਂ ਸਿਮਰਨ ਦੇ ਬੰਦਾ ਸਿੰਗਾਂ ਵਾਲੇ ਭੇਡੂ ਦੀ ਨਿਆਈਂ ਹੈ। ਸਿਮਰਨ ਤੋਂ ਸੱਖਣੇ ਬੰਦੇ ਸਦਾ ਝੂਠ ਬੋਲਦੇ ਹਨ ਤੇ ਉਨ੍ਹਾਂ ਦੇ ਮੂੰਹ ਕਾਲੇ ਹਨ। ਉਹ ਸਿਮਰਨ ਤੋਂ ਬਿਨ੍ਹਾਂ ਖੋਤੇ ਵਾਂਗ ਹਨ ਜੋ ਰੂੜੀਆਂ ਤੇ ਚੁਗਦਾ ਤੇ ਲੇਟਦਾ ਹੈ। ਬਿਨ੍ਹਾਂ ਸਿਮਰਨ ਦੇ ਬੰਦਾ ਹਲਕੇ ਕੁੱਤੇ ਵਾਂਗ ਹੈ ਜੋ ਸਭ ਨੂੰ ਵੱਢਦਾ ਹੈ। ਇਵੇਂ ਹੀ ਮਾਇਆਧਾਰੀ ਹੁੰਦਾ ਹੈ ਉਸ ਨੂੰ ਕੋਈ ਠੱਲ੍ਹ ਨਹੀਂ ਪੈਂਦੀ। ਬਿਨ੍ਹਾਂ ਸਿਮਰਨ ਬੰਦਾ ਆਤਮਘਾਤੀ ਹੁੰਦਾ ਹੈ। ਐਸਾ ਸਾਕਤ ਭਾਵ ਮਾਇਆਧਾਰੀ ਨੀਚ ਹੈ ਉਸ ਦੀ ਕੋਈ ਕੁਲ ਨਹੀਂ ਤੇ ਜਾਤ ਨਹੀਂ। ਗੁਰਵਾਕ ਇੰਜ ਹੈ:

– ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ॥ ਕਾਗ ਬਤਨ ਬਿਸਟਾ ਮਹਿ ਵਾਸ॥
ਬਿਨੁ ਸਿਮਰਨ ਭਏ ਕੂਕਰ ਕਾਮ॥ ਸਾਕਤ ਬੇਸੁਆ ਪੂਤ ਨਿਨਾਮ॥
ਬਿਨੁ ਸਿਮਰਨ ਜੈਸੇ ਸੀਙ ਛਤਾਰਾ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ॥
ਬਿਨੁ ਸਿਮਰਨ ਗਰਧਭ ਕੀ ਨਿਆਈ॥ ਸਾਕਤ ਥਾਨ ਭਰਿਸਟ ਫਿਰਾਹੀ॥
ਬਿਨੁ ਸਿਮਰਨ ਕੂਕਰ ਹਰਕਾਇਆ॥ ਸਾਕਤ ਲੋਭੀ ਬੰਧੁ ਨ ਪਾਇਆ॥
ਬਿਨੁ ਸਿਮਰਨ ਹੈ ਆਤਮ ਘਾਤੀ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ॥ (੨੩੯)

ਜੋ ਸੱਜਣ ਨਾਮ ਨੂੰ ਛੱਡ ਹੋਰ ਕਰਮਕਾਂਡ ਤੇ ਆਚਾਰ ਦੇ ਪ੍ਰਚਾਰਕ ਹਨ, ਉਨ੍ਹਾਂ ਪਰਥਾਏ ਗੁਰਮਤਿ ਦਾ ਕਥਨ ਹੈ ਕਿ ਉਨ੍ਹਾਂ ਦੇ ਸਰੀਰ ਸੂਰ ਤੇ ਕੁੱਤੇ ਵਾਂਗ ਹਨ। ਤੁਕ ਇਹ ਹੈ:

– ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥ ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥(੧੪੨੯)

ਹਰੀ ਦੇ ਨਾਮ ਤੋਂ ਬਿਨਾਂ ਕਿੰਨੀ ਹੀ ਸੁੰਦਰ ਦੇਹ ਹੋਵੇ, ਉਹ ਨੱਕ ਕੱਟੀ ਹੈ। ਜਿਵੇਂ ਵੇਸਵਾ ਦੇ ਘਰ ਪੁੱਤਰ ਜੰਮੇ ਤਾਂ ਉਸ ਦਾ ਨਾਮ ਧ੍ਰਕਟੀ (ਹਰਾਮੀ) ਪੈਂਦਾ ਹੈ।

– ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ॥(੫੨੯)

– ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ॥ (੬੯੭)

– ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ॥(੪੭੩)

– ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ ਸੇ ਦੇਵਾਲੀਏ ਜੁਗ ਮਾਹਿ॥
ਓਇ ਮੰਗਦੇ ਫਿਰਹਿ ਸਭ ਜਗਤ ਮਹਿ ਕੋਈ ਮੁਹਿ ਥੁਕ ਨ ਤਿਨ ਕਉ ਪਾਹਿ॥ (੮੫੨)

– ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ॥
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ॥ (੧੨੪੭)

– ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ॥ ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ॥ (੧੦੧੦)

– ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ॥
ਓਇ ਜਮ ਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ॥ (੯੯੬)

– ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ॥ (੭੯੬)

– ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ॥ (੫੨੩)

– ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ॥
ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ॥ (੫੫੩)

– ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ॥ (੧੩੪੭)

– ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ॥ ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ॥(੧੪੧੪)

– ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥ ॥ (੧੦)

– ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥ (੧੦)

– ਖਾਣਾ ਪੀਣਾ ਹਸਣਾ ਬਾਦਿ॥ ਜਬ ਲਗੁ ਰਿਦੈ ਨ ਆਵਹਿ ਯਾਦਿ॥ (੩੫੧)

– ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥ (੧੨੫੪)

– ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ॥ ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ॥
ਜਮ ਦਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ॥ ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥ ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥
ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥ ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥(੬੪੮)

ਹੁਣ ਸਵਾਲ ਇਹ ਉੱਠਦਾ ਹੈ ਕਿ ਫਿਰ ਕੀ ਬੰਦਾ ਕੰਮਕਾਰ ਨਾ ਕਰੇ? ਕੀ ਗ੍ਰਹਿਸਤ ਤਿਆਗ ਕੇ ਜੰਗਲਾਂ ਵਿੱਚ ਜਾ ਵਸੇ? ਕੀ ਪਹਾੜਾਂ ਉੱਤੇ ਚੜ੍ਹ ਜਾਏ? ਜਾਂ ਲੰਮੀਆਂ ਗੁਫ਼ਾਵਾਂ ਵਿੱਚ ਜਾ ਬੈਠੇ? ਗੁਰਮਤਿ ਇਹ ਨਹੀਂ ਫੁਰਮਾਉਂਦੀ ਸਗੋਂ ਇਹ ਆਖਦੀ ਹੈ:

– ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (੧੨੪੫)

ਜੋ ਮਨੁੱਖ ਮਿਹਨਤ ਕਰਕੇ ਖਾਂਦਾ ਹੈ ਤੇ ਫਿਰ ਹੱਥੋਂ ਕੁੱਝ ਦਿੰਦਾ ਵੀ ਹੈ, ਉਹੀ ਮਨੁੱਖ ਰੱਬ ਦਾ ਰਾਹ ਪਛਾਣੇਗਾ। ਗੁਰਮਤਿ ਵਿਹਲੇ ਆਦਮੀ ਨੂੰ ਦੁਰਕਾਰਦੀ ਹੈ ਅਤੇ ਉਦਮ ਕਰਨ ਲਈ ਪ੍ਰੇਰਦੀ ਹੈ। ਵਿਰਲਾ ਬੰਦਾ ਸਮਾਜ ਤੇ ਭਾਰੂ ਹੁੰਦਾ ਹੈ। ਗੁਰਮਤਿ ਸਪੱਸ਼ਟਤਾ ਨਾਲ ਉਪਦੇਸ਼ ਕਰਦੀ ਹੈ ਕਿ ਹਸੰਦਿਆਂ, ਖੇਡੰਦਿਆਂ, ਪੈਨ੍ਹੰਦਿਆਂ, ਖਾਵੰਦਿਆਂ ਹੀ ਬੰਦਾ ਮਾਇਆ ਦੇ ਪ੍ਰਭਾਵ ਤੋਂ ਨਿਕਲ ਸਕਦਾ ਹੈ। ਪਰ ਇਹ ਗੱਲ ਤਦ ਹੀ ਸੰਭਵ ਹੁੰਦੀ ਹੈ ਜਦ ਪੂਰੇ ਸਤਿਗੁਰੂ ਦਾ ਮਿਲਾਪ ਹੋਵੇ। ਤਾਂ ਫਿਰ ਪੂਰਾ ਸਤਿਗੁਰੂ ਮਾਇਆ ਵਿੱਚ ਰਹਿੰਦੇ ਬੰਦੇ ਲਈ ਪੂਰੀ ਜੁਗਤੀ ਦੱਸਦਾ ਹੈ। ਜਿਸ ਨਾਲ ਮਨੁੱਖ ਸਾਰੇ ਕੰਮਕਾਜ ਕਰਦਾ ਹੋਇਆ ਵੀ ਮੁਕਤ ਹੋ ਜਾਂਦਾ ਹੈ। ਉਹ "ਸਗਲ ਸੰਗਿ ਆਤਮਿ ਉਦਾਸ" ਵਾਲਾ ਜੀਵਨ ਬਤੀਤ ਕਰਦਾ ਹੈ। ਧ੍ਰਿਕਾਰਾਂ ਤੇ ਫਿਟਕਾਰਾਂ ਉਨ੍ਹਾਂ ਨੂੰ ਗੁਰਮਤਿ ਪਾਉਂਦੀ ਹੈ ਜੋ ਨਾਮ ਨਹੀਂ ਜਪਦੇ। ਪਰ ਜਿਸ ਮਨ ਵਿੱਚ ਉਸ ਪ੍ਰਭੂ ਦੀ ਯਾਦ ਹੈ ਉਸ ਲਈ ਹੁਕਮ ਇਹ ਹੈ ਕਿ:

– ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ॥ ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥(੫੫੪)

– ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥ (੬੬੧)

– ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥(੫੨੨)